**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (SCERT), ਪੰਜਾਬ**
**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਛੇਵੀਂ ਮੰਜਿਲ, ਬਲਾਕ-ਈ, ਫੇਜ-8,**
**ਐਸ.ਏ.ਐਸ ਨਗਰ, ਪੰਜਾਬ, ਫੋਨ ਨੰ. 0172-2212221**

ਵੱਲ

1.ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
2. ਸਮੂਹ ਹੈਡ-ਮਾਸਟਰ/ਪ੍ਰਿੰਸੀਪਲ, ਪੰਜਾਬ।

ਮੀਮੋ ਨੰ:E-234420/ 468
ਮਿਤੀ, ਐਸ.ਏ.ਐਸ. ਨਗਰ:24.03-2022

**ਵਿਸ਼ਾ-** **ਰਾਜ ਪੱਧਰ ਦੀ ਨੈਸ਼ਨਲ ਮੀਨਜ-ਕਮ-ਮੈਰਿਟ ਸਕਾਲਰਸ਼ਿਪ( NMMSS) ਅਤੇ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (PSTSE) ਸੈਸ਼ਨ 2021-22 (ਜਮਾਤ ਅੱਠਵੀਂ)ਦੀ ਪ੍ਰੀਖਿਆ ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਦਫਤਰ, ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (SCERT), ਪੰਜਾਬ ਵੱਲੋਂ ਸੈਸ਼ਨ 2021-22 ਦੀ ਰਾਜ ਪੱਧਰ ਦੀ ਨੈਸ਼ਨਲ ਮੀਨਜ-ਕਮ-ਮੈਰਿਟ ਸਕਾਲਰਸ਼ਿਪ (NMMSS) ਅਤੇ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (PSTSE)-2021 (ਜਮਾਤ ਅੱਠਵੀਂ) ਦੀ ਸਾਂਝੀ ਪ੍ਰੀਖਿਆ ਮਿਤੀ 15.05.2022 (ਐਤਵਾਰ) ਨੂੰ ਲਈ ਜਾਣੀ ਹੈ।

1. ਇਸ ਪ੍ਰੀਖਿਆ ਲਈ ਵਿਦਿਆਰਥੀਆਂ ਵੱਲੋਂ ਰਜਿਸਟ੍ਰੇਸ਼ਨ ਮਿਤੀ 25-03-2022 ਤੋਂ 30-03-2022 ਤੱਕ ਸਿੱਖਿਆ ਵਿਭਾਗ ਦੇ ਈ-ਪੰਜਾਬ ਪੋਰਟਲ www.epunjabschool.gov.in ਤੇ ਕੀਤੀ ਜਾ ਸਕਦੀ ਹੈ।
2. ਇਸ ਪ੍ਰੀਖਿਆ ਲਈ ਮਿਤੀ 18-11-2021 ਤੋਂ 10-12-2021 ਤੱਕ ਰਜਿਸਟਰਡ ਹੋਏ ਵਿਦਿਆਰਥੀਆਂ ਵੱਲੋਂ ਦੁਬਾਰਾ ਅਪਲਾਈ ਨਾ ਕੀਤਾ ਜਾਵੇ।
3. NMMSS ਅਤੇ PSTSE ਦੀ ਸਾਂਝੀ ਪ੍ਰੀਖਿਆ ਲਈ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਲੋਕਲ ਬੌਡੀਜ਼ ਸਕੂਲਾਂ ਦੇ ਵਿਦਿਆਰਥੀ ਅਪਲਾਈ ਕਰ ਸਕਦੇ ਹਨ।
4. ਪ੍ਰੰਤੂ NMMSS ਦਾ ਨਤੀਜਾ ਤਿਆਰ ਕਰਦੇ ਸਮੇਂ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਲੋਕਲ ਬੌਡੀਜ਼ ਸਕੂਲਾਂ ਦੇ ਵਿਦਿਆਰਥੀਆਂ ਦੀ ਜਿਲ੍ਹਾ ਵਾਇਜ਼ ਮੈਰਿਟ ਬਣਾਈ ਜਾਵੇਗੀ ਜਿਸ ਵਿੱਚੋਂ ਰਿਜ਼ਰਵੇਸ਼ਨ/ਮੈਰਿਟ ਅਨੁਸਾਰ ਜਿਲ੍ਹਾ ਵਾਇਜ਼ ਨਤੀਜਾ ਤਿਆਰ ਕਰਨ ਉਪਰੰਤ ਵਿਦਿਆਰਥੀਆਂ ਦੀ NMMSS ਸਕਾਲਰਸ਼ਿਪ ਲਈ ਚੋਣ ਕੀਤੀ ਜਾਵੇਗੀ।
5. NMMSS ਦੀ ਪ੍ਰੀਖਿਆ ਦਾ ਨਤੀਜਾ ਤਿਆਰ ਕਰਨ ਉਪਰੰਤ, ਬਾਕੀ ਰਹਿੰਦੇ ਸਿਰਫ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਨਤੀਜਾ consolidate ਕਰਕੇ PSTSE ਨਤੀਜੇ ਦੀ ਮੈਰਿਟ ਤਿਆਰ ਕੀਤੀ ਜਾਵੇਗੀ ਜਿਸ ਵਿੱਚੋਂ ਰਿਜ਼ਰਵੇਸ਼ਨ/ਮੈਰਿਟ ਅਨੁਸਾਰ ਕੁਲ 500 ਵਿਦਿਆਰਥੀਆਂ ਦੀ ਚੋਣ PSTSE ਸਕਾਲਰਸ਼ਿਪ ਲਈ ਕੀਤੀ ਜਾਵੇਗੀ।

24/3/22
ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ